Attested Sir 8/7/24
2483787

ਦਫਤਰਃ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਸ.ਅ.ਸ ਨਗਰ

(ਸੈਕੰਡਰੀ ਸਿਖਿਆ ਸ਼ਾਖਾ)

Email id: dpiscadsa@Punjabeducation.gov.in

ਜੀ-1
8/7/24

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)(ਵੈਬਸਾਇਟ ਰਾਹੀਂ)
ਪੰਜਾਬ।

ਮੀਮੋ ਨੰ ਈ:-722133:ਸੈਸਿ(2)/20241621\00

ਮਿਤੀ ਸ.ਅ.ਸ ਨਗਰ :- 08/07/2024

ਵਿਸ਼ਾ :- ਭਾਰਤ ਸਰਕਾਰ ਵੱਲੋਂ ਸਾਲ 2024 ਲਈ ਜੀਵਨ ਰਕਸ਼ਾ ਪਦਕ ਸੀਰੀਜ਼ ਅਵਾਰਡਜ਼ ਦੀਆਂ ਸਿਫਾਰਸ਼ਾ ਭੇਜਣ ਬਾਰੇ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਨੂੰ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ- 1 ਸ਼ਾਖਾ) ਦਾ ਪੱਤਰ ਅਤੇ ਭਾਰਤ ਸਰਕਾਰ, ਗ੍ਰਹਿ ਮੰਤਰਾਲੇ ਦੇ ਪੱਤਰ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਨਾਲ ਸਬੰਧਤ ਉਕਤ ਐਵਾਰਡਜ਼ ਦੇ ਲਈ ਕੇਸ ਮਿਤੀ 30.08.2024 ਤੱਕ ਇਸ ਦਫ਼ਤਰ ਨੂੰ ਭੇਜਣੇ ਯਕੀਨੀ ਬਣਾਏ ਜਾਣ।

ਨੱਥੀ/ਉਕਤ ਅਨੁਸਾਰ

ਸਹਾਇਕ ਡਾਇਰੈਕਟਰ (ਸੈਸਿ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ()2024/ 9087 ਮਿਤੀ: 09/07/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

GAD POLJRF/1/2022-4POL-1

1/847627/2024

DSE (Se)

ਮਿਤੀ,ਬੱਧ

ਅਤਿ ਜ਼ਰੂਰੀ

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਰਾਜਨੀਤੀ-1 ਸਾਖਾ)

01/04/24

ADSE

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
2. ਪੰਜਾਬ ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰਜ਼ ਅਤੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼।

ਵਿਸ਼ਾ:- ਜੀਵਨ ਰਕਸ਼ਾ ਪਦਕ ਅਵਾਰਡਜ 2024 ਲਈ ਸਿਫਾਰਸਾਂ ਭੇਜਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਜੀ ਨੂੰ ਭਾਰਤ ਸਰਕਾਰ ਵੱਲੋਂ ਪ੍ਰਾਪਤ ਹੋਏ ਪੱਤਰ ਨੰ: 17/2/2024-ਪਬਲਿਕ, ਮਿਤੀ 01.04.2024 ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਜੀਵਨ ਰਕਸ਼ਾ ਪਦਕ ਸੀਰੀਜ਼ ਅਵਾਰਡ-2024 ਸਬੰਧੀ ਆਪਣੀਆਂ ਸਿਫਾਰਸ਼ਾਂ ਮਿਤੀ 06.09.2024 ਤੱਕ ਇਸ ਦਫਤਰ ਨੂੰ ਭੇਜੀਆਂ ਜਾਣ। ਇੱਥੇ ਇਹ ਵੀ ਸਪਸ਼ੱਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਅਵਾਰਡਜ਼ ਸਬੰਧੀ ਸੂਚਨਾ ਰਾਜ ਸਰਕਾਰ ਵੱਲੋਂ ਮਿਤੀ ਬੱਧ ਸਮੇਂ ਅਨੁਸਾਰ ਭਾਰਤ ਸਰਕਾਰ ਨੂੰ ਭੇਜੀ ਜਾਣੀ ਹੈ, ਦੇਰੀ ਨਾਲ ਪ੍ਰਾਪਤ ਹੋਈਆਂ ਸਿਫਾਰਸ਼ਾਂ ਤੇ ਵਿਚਾਰ ਨਹੀ ਕੀਤਾ ਜਾਵੇਗਾ । ਸਿਫਾਰਸ਼ਾਂ ਭੇਜਣ ਤੋਂ ਪਹਿਲਾਂ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

(ੳ) ਸਿਫਾਰਸ਼ਾਂ ਦੇ ਨਾਲ ਵੇਰਵੇ (ਸਾਈਟੇਸ਼ਨ ਨੱਥੀ ਪ੍ਰੋਫਾਰਮੇ ਵਿੱਚ) ਦੀਆਂ 5-5 ਕਾਪੀਆਂ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਨਾਲ ਨੱਥੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਕੇ ਭੇਜੀਆਂ ਜਾਣ।

(ਅ) ਸਿਫਾਰਸ਼ ਕੀਤੇ ਗਏ ਵਿਅਕਤੀ ਬਾਰੇ ਸਾਈਟੇਸ਼ਨ ਭੇਜਣ ਸਮੇਂ ਉਸ ਵਿੱਚ ਦਰਸਾਏ ਗਏ ਕੰਮਾਂ ਬਾਰੇ ਪੂਰੀ ਤਰ੍ਹਾਂ ਪੜਤਾਲ ਕਰ ਲਈ ਜਾਵੇ ਅਤੇ ਕਿਸੇ ਵਿਅਕਤੀ ਦਾ ਨਾਂ ਉਦੋਂ ਤੱਕ ਸਿਫਾਰਸ਼ ਨਾ ਕੀਤਾ ਜਾਵੇ, ਜਦੋਂ ਤੱਕ ਇਸ ਗੱਲ ਦੀ ਪੂਰੀ ਤਰ੍ਹਾਂ ਤਸੱਲੀ ਨਾ ਹੋ ਜਾਵੇ ਕਿ ਸਿਫਾਰਸ਼ ਕੀਤਾ ਗਿਆ ਵਿਅਕਤੀ ਐਵਾਰਡ ਲਈ ਪੂਰੀ ਤਰ੍ਹਾਂ ਯੋਗ ਹੈ।

(ੲ) ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਾਈਟੇਸ਼ਨ ਵਿੱਚ ਕਈ ਵਾਰ ਟਾਈਪ ਦੀਆਂ ਅਤੇ ਹੋਰ ਬਹੁਤ ਸਾਰੀਆਂ ਗਲਤੀਆਂ ਹੁੰਦੀਆਂ ਹਨ। ਜਿਸ ਨੂੰ ਵੇਖਣ ਤੋ ਇੰਝ ਜਾਪਦਾ ਹੈ ਕਿ ਉਨ੍ਹਾਂ ਨੂੰ ਕਿਸੇ ਨੇ ਕੰਪੇਅਰ ਕਰਨ ਦੀ ਖੇਚਲ ਹੀ ਨਹੀਂ ਕੀਤੀ ਹੁੰਦੀ। ਇਸ ਲਈ ਸਾਈਟੇਸ਼ਨ ਕਿਸੇ ਜਿੰਮੇਵਾਰ ਅਫ਼ਸਰ ਵੱਲੋਂ ਬਣਾਈ ਜਾਵੇ ਤਾਂ ਜੋ ਉਸ ਵਿੱਚ ਗਲਤੀਆਂ ਨਾਂ ਹੋਣ। ਇਸ ਮਾਮਲੇ ਨੂੰ

ਦਫਤਰ ਸਕੱਤਰ ਸਕੂਲ ਸਿੱਖਿਆ
ਡਾਇਰੀ ਨੰ. 79877
ਮਿਤੀ 01/07/24